
# ਯਾਕੂਬ ਨੇ ਸਵਰਗ ਵੇਖਿਆ

**ਪ੍ਰਾਰਥਨਾ:** ''ਪਿਆਰੇ ਪ੍ਰਭੂ, ਕਿਰਪਾ ਕਰਕੇ ਬੱਚਿਆਂ ਨੂੰ ਪੁਰਾਣੇ ਨੇਮ ਦੇ ਸਾਹਸੀ ਕੰਮਾਂ ਅਤੇ ਪ੍ਰਾਚੀਨ ਕੁਲਪਤੀਆਂ ਦੇ ਪਾਠਾਂ ਦੀ ਪ੍ਰਸ਼ੰਸਾ ਕਰਨ ਵਿੱਚ ਮਦਦ ਕਰ।''

ਇਨ੍ਹਾਂ ਵਿੱਚੋਂ ਕੋਈ ਇਕ ਬੱਚਿਆਂ ਦੇ ਸਿੱਖਣ ਵਾਲੀ **ਗਤੀਵਿਧੀ** ਚੁਣੋ ਜਿਹੜੀ ਉਨ੍ਹਾਂ ਦੀ ਉਮਰ ਲਈ ਢੁੱਕਵੀਂ ਹੋਵੇ।

ਯਾਕੂਬ ਨੇ ਇਕ ਪੌੜੀ ਦਾ ਸੁਫਨਾ ਵੇਖਿਆ ਜਿਹੜੀ ਅਕਾਸ਼ ਤੀਕ ਸੀ, ਅਤੇ ਦੂਤ ਉਹ ਦੇ ਉੱਤੇ ਚੜ੍ਹਦੇ ਉੱਤਰਦੇ ਸਨ (ਉਤਪਤ 28:12)



ਕਿਸੇ ਇਕ ਵੱਡੇ ਬੱਚੇ ਜਾਂ ਸਿੱਖਿਅਕ ਨੂੰ ਯਾਕੂਬ ਦੀ ਪੌੜੀ ਵਾਲੀ ਕਹਾਣੀ, **ਉਤਪਤ 28:10-22** ਵਿੱਚੋਂ ਪੜ੍ਹਨ ਦਿਓ। ਇਹ ਕਹਾਣੀ ਦੱਸਦੀ ਹੈ ਕਿ ਕਿਵੇਂ ਪਰਮੇਸ਼ੁਰ ਨੇ ਯਾਕੂਬ ਤੇ ਜਿਹੜਾ ਇਸਰਾਏਲ ਦੇ ਪਿਤਾਵਾਂ ਵਿੱਚੋਂ ਇਕ ਸੀ, ਆਪਣੇ ਆਪ ਨੂੰ ਪ੍ਰਗਟ ਕੀਤਾ।

ਕਹਾਣੀ ਦੱਸਣ ਤੋਂ ਬਾਅਦ, ਇਨ੍ਹਾਂ **ਪ੍ਰਸ਼ਨਾਂ** ਨੂੰ ਪੁੱਛੋ (*ਹਰ ਪ੍ਰਸ਼ਨ ਦਾ ਉੱਤਰ ਉਸਦੇ ਸਾਹਮਣੇ ਦਿੱਤਾ ਗਿਆ ਹੈ।*)

- ਯਾਕੂਬ ਨੇ ਆਪਣੀ ਯਾਤਰਾ ਦੌਰਾਨ ਅਰਾਮ ਕਰਨ ਲਈ ਕਿਸ ਚੀਜ਼ ਨੂੰ ਸਰਹਾਣੇ ਦੀ ਥਾਂ ਪ੍ਰਯੋਗ ਕੀਤਾ? (*ਆਇਤ 11 ਵੇਖੋ* )
- ਯਾਕੂਬ ਨੇ ਕਿਸ ਬਾਰੇ ਸੁਫ਼ਨਾ ਵੇਖਿਆ? (*ਆਇਤ 12*)
- ਪਰਮੇਸ਼ੁਰ ਨੇ ਯਾਕੂਬ ਨੂੰ ਕਿੰਨੀ ਅੰਸ ਦਾ ਵਾਅਦਾ ਦਿੱਤਾ? (*ਆਇਤ 14*)
- ਪਰਮੇਸ਼ੁਰ ਨੇ ਕਿਸਨੂੰ ਕਿਹਾ ਕਿ ਧਰਤੀ ਦੇ ਸਾਰੇ ਟੱਬਰ ਬਰਕਤ ਪਾਉਣਗੇ? (*ਆਇਤ 14*)
- ਪਰਮੇਸ਼ੁਰ ਨੇ ਯਾਕੂਬ ਨੂੰ ਉਸਦੀ ਯਾਤਰਾ ਬਾਰੇ ਕੀ ਭਰੋਸਾ ਦਿਵਾਇਆ? (*ਆਇਤ 15 ਵੇਖੋ* )
- ਜਦੋਂ ਯਾਕੂਬ ਨੀਂਦਰ ਤੋਂ ਜਾਗਿਆ ਤਾਂ ਕਿਉਂ ਡਰਿਆ? (*ਆਇਤਾਂ 16-17*)
- ਯਾਕੂਬ ਨੇ ਸਾਰੀਆਂ ਚੀਜ਼ਾਂ ਜੋ ਪਰਮੇਸ਼ੁਰ ਨੇ ਉਸਨੂੰ ਦਿੱਤੀਆਂ, ਕਿਸਨੂੰ ਉਨ੍ਹਾਂ ਦਾ ਦਸਵੰਧ ਦੇਣ ਦਾ ਵਾਅਦਾ ਕੀਤਾ? (*ਆਇਤਾਂ 20-22*)

ਯਾਕੂਬ ਦੇ ਦਰਸ਼ਣ ਦੇ ਕੁਝ ਭਾਗਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ (ਉਤਪਤ 28:10-22)।

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਲਈ ਇਹ ਛੋਟਾ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਆਪਣੇ ਸਿੱਖਿਆ ਦੇਣ ਵਾਲੇ ਸਮੇਂ ਨੂੰ, ਬੱਚਿਆਂ ਨੂੰ ਨਾਟਕ ਦੀ ਤਿਆਰੀ ਕਰਨ ਲਈ ਪ੍ਰਯੋਗ ਕਰੋ।
- ਤੁਹਾਨੂੰ ਸਾਰੇ ਭਾਗਾਂ ਦਾ ਪ੍ਰਯੋਗ ਕਰਨ ਦੀ ਲੋੜ ਨਹੀਂ ਹੈ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- **ਵੱਡੇ ਬੱਚਿਆਂ** ਜਾਂ ਬਾਲਗਾਂ ਨੂੰ ਇਹ ਕਿਰਦਾਰ ਅਦਾ ਕਰਨ ਦਿਓ:

ਯਾਕੂਬ : ਇਕ ਪੱਥਰ ਅਤੇ ਇਕ ਛੋਟੀ ਬੋਤਲ ਤਿਆਰ ਕਰੋ

**ਪਰਮੇਸ਼ੁਰ ਦੀ ਆਵਾਜ਼।**

**ਕਥਾਵਾਚਕ:** ਕਹਾਣੀ ਦਾ ਖੁਲਾਸਾ ਕਰੇ ਅਤੇ ਬੱਚਿਆਂ ਨੇ ਜੋ ਕਰਨਾ ਜਾਂ ਕਹਿਣਾ ਹੈ, ਉਨ੍ਹਾਂ ਨੂੰ ਯਾਦ ਰੱਖਣ ਵਿੱਚ ਮਦਦ ਕਰੇ।

- **ਛੋਟੇ ਬੱਚਿਆਂ** ਨੂੰ ਕੁਰਸੀਆਂ ਲੈ ਕੇ ਜਾਂ ਕੁਝ ਅਜਿਹੀ ਚੀਜ਼ ਜਿਹੜੀ ਪੌੜੀ ਨੂੰ ਪ੍ਰਦਰਸ਼ਿਤ ਕਰੇ, **ਦੂਤਾਂ** ਦਾ ਕਿਰਦਾਰ ਅਦਾ ਕਰਨ ਦਿਓ।

**ਕਥਾਵਾਚਕ :** ਉਤਪਤ 28:10-22 ਵਿੱਚੋਂ ਕਹਾਣੀ ਦੱਸੇ। ਫਿਰ ਕਹੋ, "ਸੁਣੋ ਯਾਕੂਬ ਕੀ ਕਹਿੰਦਾ ਹੈ।"

**ਯਾਕੂਬ :** ਆਪਣੇ ਸਿਰ ਥੱਲੇ ਪੱਥਰ ਰੱਖ ਕੇ ਲੇਟ ਜਾਵੇ। ਫਿਰ ਕਹੇ, "ਇਹ ਰਾਤ ਦਾ ਸਮਾਂ ਹੈ? ਮੈਂ ਬਹੁਤ ਲੰਬੀ ਯਾਤਰਾ ਕਰ ਚੁੱਕਾ ਹਾਂ। ਮੈਨੂੰ ਸੌਣਾਂ ਚਾਹੀਦਾ ਹੈ।"

ਦੂਤ : ਯਾਕੂਬ ਦੇ ਲਾਗੇ ਪੌੜੀ ਲਾਉਣ ਅਤੇ ਇਸ ਉੱਪਰ ਚੜ੍ਹਨ, ਉਤਰਨ।

**ਪਰਮੇਸ਼ੁਰ ਦੀ ਅਵਾਜ਼ :** (ਹਰ ਵਾਅਦੇ ਨੂੰ ਉੱਚੀ, ਹੌਲੀ ਹੌਲੀ ਅਤੇ ਸਾਫ਼ ਸਾਫ਼ ਬੋਲੇ।)

"ਯਾਕੂਬ, ਮੈਂ ਤੇਰੇ ਪਿਤਾ ਇਸਹਾਕ ਅਤੇ ਤੇਰੇ ਦਾਦੇ ਅਬਰਾਹਾਮ ਦਾ ਯਹੋਵਾਹ ਪਰਮੇਸ਼ੁਰ ਹਾਂ।
ਮੈਂ ਤੈਨੂੰ ਬਹੁਤ ਸਾਰੇ ਵੰਸ਼ ਦੇਵਾਂਗਾ।
ਮੈਂ ਤੇਰੇ ਦੁਆਰਾ ਸਾਰੇ ਸੰਸਾਰ ਨੂੰ ਬਰਕਤ ਦੇਵਾਂਗਾ।
ਮੈਂ ਤੇਰੀ ਦੇਖਭਾਲ ਕਰਾਂਗਾ।"

ਦੂਤ : ਪੌੜੀ ਲੈ ਕੇ ਚਲੇ ਜਾਣ

**ਯਾਕੂਬ :** ਜਾਗੇ, ਖੜਾ ਹੋਵੇ ਅਤੇ ਕਹੇ, "ਕਿੰਨਾ ਵਧੀਆ ਸੁਫ਼ਨਾ ਸੀ। ਇਹ ਬਹੁਤ ਸ਼ਾਨਦਾਰ ਜਗ੍ਹਾ ਹੈ, ਕਿਉਂਕਿ ਇੱਥੇ ਪਰਮੇਸ਼ੁਰ ਹੈ। ਮੈਂ ਇੱਥੇ ਇਕ ਯਾਦਗੀਰੀ ਛੱਡ ਕੇ ਜਾਵਾਂਗਾ।" (ਪੱਥਰ ਦੇ ਸਰਹਾਣੇ ਨੂੰ ਲਵੇ ਅਤੇ ਉਸ ਜਗ੍ਹਾ ਰੱਖੇ ਜਿੱਥੇ ਹਰ ਕੋਈ ਇਸ ਨੂੰ ਵੇਖ ਸਕੇ। ਬੋਤਲ ਵਿੱਚੋਂ ਇਸ ਉੱਤੇ ਤੇਲ ਪਾਉਣ ਦਾ ਵਿਖਾਵਾ ਕਰੇ।) ਕਹੇ, "ਜੇਕਰ ਪਰਮੇਸ਼ੁਰ ਮੇਰੀ ਯਾਤਰਾ ਵਿੱਚ ਮੇਰੀ ਸੁਰੱਖਿਆ ਕਰੇਗਾ, ਉਹ ਮੇਰਾ ਪਰਮੇਸ਼ੁਰ ਹੋਵੇਗਾ।"

**ਕਥਾਵਾਚਕ:** ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰੇ ,ਜਿਨ੍ਹਾਂ ਨੇ ਇਸ ਨਾਟਕ ਨੂੰ ਪੇਸ਼ ਕਰਨ ਵਿੱਚ ਮਦਦ ਕੀਤੀ।

**ਪ੍ਰਸ਼ਨ :** ਜੇਕਰ ਬੱਚੇ, ਬਾਲਗਾਂ ਲਈ ਇਸ ਕਹਾਣੀ ਬਾਰੇ ਨਾਟਕ ਪੇਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਬਾਲਗਾਂ ਕੋਲੋਂ ਉਹ ਪ੍ਰਸ਼ਨ ਵੀ ਪੁੱਛਣ ਦਿਓ, ਜਿਹੜੇ ਉੱਪਰ ਦਿੱਤੇ ਗਏ ਹਨ।

**ਬੱਚਿਆਂ ਨੂੰ ਪੁੱਛੋ:** ਹੋਰ ਕਿਹੜੀਆਂ ਉਦਾਹਰਣਾਂ ਹਨ, ਜਿੰਨਾਂ ਨਾਲ ਪਰਮੇਸ਼ੁਰ ਆਪਣੇ ਆਪ ਨੂੰ ਲੋਕਾਂ ਤੇ ਪ੍ਰਗਟ ਕਰਦਾ ਹੈ? (ਬੱਚਿਆਂ ਨੂੰ ਉਦਾਹਰਣ ਦੇਣ ਦਿਓ।)

**ਪੌੜੀ ਦਾ ਇਕ ਚਿੱਤਰ ਬਣਾਓ** ਅਤੇ ਬੱਚਿਆਂ ਨੂੰ ਇਸਦੀ ਨਕਲ ਕਰਨ ਦਿਓ। ਉਹ ਉਨ੍ਹਾਂ ਦੇ ਚਿੱਤਰਾਂ ਨੂੰ ਬਾਲਗਾਂ ਨੂੰ ਅਰਾਧਨਾ ਸਮੇਂ ਦੌਰਾਨ ਵਿਖਾ ਸਕਦੇ ਹਨ ਅਤੇ ਦੱਸ ਸਕਦੇ ਹਨ ਕਿ ਪੌੜੀ ਸਵਰਗ ਨੂੰ ਵਖਾਉਂਦੀ ਹੈ ਕਿ ਪਰਮੇਸ਼ੁਰ ਕਿਵੇ ਸਾਡੇ ਸਭਨਾਂ ਦੇ ਆਲੇ ਦੁਆਲੇ ਹੁੰਦਾ ਹੈ, ਭਾਵੇਂ ਅਸੀਂ ਉਸਨੂੰ ਵੇਖ ਨਹੀਂ ਸਕਦੇ।



ਅਫ਼ਸੀਆਂ 5-20 ਯਾਦ ਕਰੋ।

''ਅਤੇ ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ।''

**ਵੱਡੇ ਬੱਚਿਆਂ** ਨੂੰ ਇਸ ਵਿਸ਼ੇ ਤੇ ਕਵਿਤਾ ਜਾਂ ਗੀਤ ਲਿਖਣ ਦਿਓ ਕਿ ਕਿਵੇਂ ਪਰਮੇਸ਼ੁਰ ਉਨ੍ਹਾਂ ਲੋਕਾਂ ਦੀ ਰਖਵਾਲੀ ਕਰਨ ਲਈ ਸਦਾ ਉਨ੍ਹਾਂ ਨਾਲ ਹੁੰਦਾ ਹੈ, ਜਿਹੜੇ ਉਸ ਉੱਤੇ ਭਰੋਸਾ ਕਰਦੇ ਹਨ।

ਕਵਿਤਾ: ਚਾਰ ਬੱਚਿਆਂ ਨੂੰ ਜ਼ਬੂਰਾਂ ਦੀ ਪੋਥੀ 139:7-10 ਵਿੱਚੋਂ ਇਕ ਇਕ ਆਇਤ ਪੜ੍ਹਨ ਦਿਓ-

''ਮੈਂ ਤੇਰੇ ਆਤਮਾ ਤੋਂ ਕਿੱਧਰ ਜਾਵਾਂ?
 ਜਾਂ ਤੇਰੀ ਹਜ਼ੂਰੀ ਤੋਂ ਕਿੱਧਰ ਨੱਠਾਂ?
ਜੋ ਮੈਂ ਅਕਾਸ਼ ਉੱਤੇ ਚੜ੍ਹ ਜਾਵਾਂ, ਤੂੰ ਉੱਥੇ ਹੈ,
 ਜੇ ਮੈਂ ਪਤਾਲ ਵਿੱਚ ਬਿਸਤਰਾ ਵਿੱਛਾਵਾਂ, ਵੇਖ, ਤੂੰ ਉੱਥੇ ਹੈਂ।
ਜੇ ਮੈਂ ਫ਼ਜਰ ਦੇ ਖੰਭ ਲਾ ਲਵਾਂ,
 ਅਤੇ ਸਮੁੰਦਰ ਦੇ ਆਖ਼ਰ ਵਿੱਚ ਜਾ ਵੱਸਾਂ,
ਉੱਥੇ ਵੀ ਤੇਰਾ ਹੱਥ ਮੇਰੀ ਅਗਵਾਈ ਕਰੇਗਾ,
 ਅਤੇ ਤੇਰਾ ਸੱਜਾ ਹੱਥ ਮੈਨੂੰ ਫੜ ਲਵੇਗਾ।

ਪ੍ਰਾਰਥਨਾ : ''ਪਿਤਾ, ਅਸੀਂ ਧੰਨਵਾਦ ਕਰਦੇ ਹਾਂ ਕਿ ਤੂੰ ਆਪਣੇ ਆਪ ਨੂੰ ਯਾਕੂਬ ਉੱਤੇ ਪ੍ਰਗਟ ਕੀਤਾ। ਅਸੀਂ ਜਾਣਦੇ ਹਾਂ ਕਿ ਤੂੰ ਸਦਾ ਸਾਡੇ ਨਾਲ ਹੈ, ਜਿਵੇਂ ਤੂੰ ਯਾਕੂਬ ਦੇ ਨਾਲ ਸੀ। ਸਾਨੂੰ ਉਸਦੇ ਤਰ੍ਹਾਂ ਤੇਰੇ ਉੱਤੇ ਭਰੋਸਾ ਕਰਨ ਵਿੱਚ ਮਦਦ ਕਰ ਜਿਵੇਂ ਯਾਕੂਬ ਨੇ ਕੀਤਾ। ਯਿਸੂ ਤੇਰਾ ਧੰਨਵਾਦ ਹੈ ਕਿ ਤੂੰ ਯਾਕੂਬ ਦੇ ਵੰਸ਼ ਦੁਆਰਾ, ਮੈਨੂੰ ਅਤੇ ਬਾਕੀ ਸਭਨਾਂ ਨੂੰ ਬਰਕਤ ਦਿੱਤੀ ਹੈ।''

Copyright 2004 © by Paul-Timothy. May be freely copied. Download from www.Paul-Timothy.net